AQA

A-level

# PANJABI

Paper 3 Listening, Reading and Writing

# Insert

Section C for use with Question 06

**Materials**

- Listening material
- Combined Question Paper/Answer Booklet

**Instructions**

- Listen to the recording provided and read the text in this Insert.
- Make notes in this booklet in the spaces provided on both the recording and the reading text.
  Use these notes to respond to the essay title in the combined Question Paper/Answer Booklet.
  (Section C Question 06)

**Information**

The notes you write in this booklet will not be marked but must be included with your essay.

G/TI/7682/3/Jun24/G4001/V3

## Listening

Make your notes below on the key points of the recording.

## Reading

ਤੁਸੀਂ ਪੰਜਾਬ ਤੇ ਪਰਵਾਸ ਦੇ ਪ੍ਰਭਾਵ ਬਾਰੇ ਇੱਕ ਪੰਜਾਬੀ ਬਲੌਗ ਦਾ ਸਾਰ ਪੜ੍ਹਦੇ ਹੋ।

### ਪੰਜਾਬ ਤੇ ਪਰਵਾਸ ਦੇ ਪ੍ਰਭਾਵ

ਰੋਟੀ, ਕੱਪੜਾ ਤੇ ਮਕਾਨ ਮਨੁੱਖੀ ਜੀਵਨ ਦੀਆਂ ਤਿੰਨ ਮੁਢਲੀਆਂ ਲੋੜਾਂ ਹਨ ਜਿਨ੍ਹਾਂ ਦੀ ਖਾਤਰ ਉਸ ਨੂੰ ਕਾਫੀ ਸੰਘਰਸ਼ ਕਰਨਾ ਪੈਂਦਾ ਹੈ, ਦੇਸ਼ੋਂ ਪ੍ਰਦੇਸ ਜਾਣਾ ਪੈਂਦਾ ਹੈ ਅਤੇ ਆਪਣੇ ਪਰਿਵਾਰ ਦਾ ਵਿਛੋੜਾ ਝੱਲਣਾ ਪੈਂਦਾ ਹੈ। ਇਹ ਉਸ ਦੀ ਮਜਬੂਰੀ ਹੈ ਨਹੀਂ ਤਾਂ ਵਿਦੇਸ਼ਾਂ ਵਿੱਚ ਧੱਕੇ ਖਾਣ ਨੂੰ ਕਿਸ ਦਾ ਦਿਲ ਕਰਦਾ ਹੈ। ਪਿਛਲੇ ਕੁਝ ਸਮੇਂ ਤੋਂ ਪੰਜਾਬੀਆਂ ਵਿੱਚ ਵਿਦੇਸ਼ ਜਾਣ ਦਾ ਰੁਝਾਨ ਕਾਫੀ ਵਧ ਗਿਆ ਹੈ। ਅੱਜ ਗਰੀਬੀ ਅਤੇ ਬੇਰੁਜ਼ਗਾਰੀ ਦੇ ਸਤਾਏ ਹੋਏ ਪੰਜਾਬੀ ਵਿਦੇਸ਼ ਜਾਣ ਨੂੰ ਪਹਿਲ ਦੇ ਰਹੇ ਹਨ। ਪਰਵਾਸ ਨੇ ਪੰਜਾਬੀਆਂ ਨੂੰ ਆਪਣੀ ਅਤੇ ਆਪਣੇ ਪਰਿਵਾਰ ਦੀ ਜੀਵਨ-ਸ਼ੈਲੀ ਸੁਧਾਰਨ ਦਾ ਮੌਕਾ ਦਿੱਤਾ ਹੈ। ਇਸ ਗੱਲ ਦੀ ਮਿਸਾਲ ਪੰਜਾਬ ਦੇ ਦੁਆਬਾ ਖੇਤਰ ਵਿੱਚੋਂ ਮਿਲਦੀ ਹੈ, ਜਿੱਥੋਂ ਬਹੁਤ ਪੰਜਾਬੀ ਪਰਵਾਸ ਕਰ ਗਏ ਹਨ ਪਰ ਉਨ੍ਹਾਂ ਨੇ ਉਸ ਇਲਾਕੇ ਵਿੱਚ ਆਲੀਸ਼ਾਨ ਕੋਠੀਆਂ ਬਣਾ ਕੇ ਉਸ ਇਲਾਕੇ ਦੀ ਨੁਹਾਰ ਹੀ ਨਹੀਂ ਬਦਲੀ ਬਲਕਿ ਆਪਣੇ ਪਰਿਵਾਰ ਨੂੰ ਜ਼ਮੀਨਾਂ ਤੇ ਜਾਇਦਾਦਾਂ ਵੀ ਖਰੀਦ ਕੇ ਦਿੱਤੀਆਂ ਹਨ।

ਪੰਜਾਬੀ ਨੌਜਵਾਨਾਂ ਦੇ ਵੱਡੇ ਪੱਧਰ ਤੇ ਵਿਦੇਸ਼ਾਂ ਵਿੱਚ ਹਰੀਆਂ-ਭਰੀਆਂ ਚਰਾਂਦਾਂ ਵੱਲ ਜਾਣ ਦਾ ਸਭ ਤੋਂ ਵੱਧ ਫਾਇਦਾ ਇਸ ਕਾਰੋਬਾਰ ਵਿੱਚ ਲੱਗੇ ਇਮੀਗਰੇਸ਼ਨ ਸਲਾਹਕਾਰਾਂ, ਆਈਲੈਟ ਕੋਚਿੰਗ ਸੈਂਟਰਾਂ ਅਤੇ ਕਰੰਸੀ ਬਦਲਣ ਵਾਲਿਆਂ ਨੂੰ ਹੋਇਆ ਹੈ। ਪੰਜਾਬ ਕੰਮ ਦੀ ਭਾਲ ਵਿੱਚ ਮਿਡਲ ਈਸਟ ਜਾਣ ਵਾਲੇ ਲੋਕਾਂ ਦੀ ਗਿਣਤੀ ਲਈ ਭਾਰਤ ਵਿੱਚੋਂ ਅੱਠਵੇਂ ਸਥਾਨ ਤੇ ਆਉਂਦਾ ਹੈ। ਜਨਵਰੀ, 2020 ਤੋਂ ਜੂਨ, 2022 ਤੱਕ 14,255 ਪੰਜਾਬੀ ਕੰਮ ਕਰਨ ਲਈ ਜ਼ਿਆਦਾਤਰ ਮਿਡਲ ਈਸਟ ਦੇ ਦੇਸ਼ਾਂ ਵਿੱਚ ਗਏ। ਜੇਕਰ ਸਿੱਖਿਆ ਅਤੇ ਨੌਕਰੀਆਂ ਲਈ ਹਰ ਸਾਲ ਮਿਡਲ-ਈਸਟ ਤੋਂ ਇਲਾਵਾ ਹੋਰ ਦੇਸ਼ਾਂ ਵਿੱਚ ਜਾਣ ਵਾਲੇ ਪੰਜਾਬੀਆਂ ਦੀ ਗਿਣਤੀ ਇਨ੍ਹਾਂ ਅੰਕੜਿਆਂ ਵਿੱਚ ਜੋੜ ਦਿੱਤੀ ਜਾਵੇ ਤਾਂ ਇਹ ਗਿਣਤੀ ਹੋਰ ਵੀ ਵਧ ਜਾਵੇਗੀ।

ਬਹੁਤ ਸਾਰੇ ਅਮੀਰ ਪ੍ਰਵਾਸੀ ਪੰਜਾਬੀ ਜਿਹੜੇ ਕਈ ਦਹਾਕੇ ਪਹਿਲਾਂ ਵਿਦੇਸ਼ਾਂ ਵਿੱਚ ਗਏ ਸਨ, ਅੱਜ-ਕੱਲ੍ਹ ਸਫਲ ਉੱਦਮੀ ਹਨ ਅਤੇ ਅਨੇਕਾਂ ਕਾਰੋਬਾਰਾਂ ਦੇ ਮਾਲਕ ਹਨ। ਅਜਿਹੇ ਪੰਜਾਬੀ, ਪੰਜਾਬ ਵਿੱਚ ਵਿਕਾਸ ਦੇ ਕਾਰਜਾਂ ਵਿੱਚ ਨਿਵੇਸ਼ ਕਰਕੇ ਪੰਜਾਬ ਦੇ ਲੋਕਾਂ ਨੂੰ ਰੁਜ਼ਗਾਰ ਪ੍ਰਦਾਨ ਕਰ ਸਕਦੇ ਹਨ। ਮਿਸਟਰ ਬੈਂਸ ਨੇ ਇਸ ਸਬੰਧ ਵਿੱਚ ਕਿਹਾ, "ਸਰਕਾਰ ਦੀਆਂ ਨਵੀਂਆਂ ਅਤੇ ਲਾਹੇਵੰਦ ਨੀਤੀਆਂ ਅਤੇ ਪ੍ਰਵਾਸੀ ਭਾਰਤੀਆਂ ਦੀ ਆਪਣੀਆਂ ਜੜ੍ਹਾਂ ਵਿੱਚ ਪਰਤਣ ਦੀ ਇੱਛਾ ਕਾਰਨ ਬਹੁਤ ਸਫਲ ਉੱਦਮੀ ਦੇਸ਼ ਪਰਤ ਰਹੇ ਹਨ।"

Turn over ▶

## Reading

Make your notes below on the key points of the reading text.

**Copyright information**

For confidentiality purposes, all acknowledgements of third-party copyright material are published in a separate booklet. This booklet is available for free download from www.aqa.org.uk after the live examination series.

Copyright © 2024 AQA and its licensors. All rights reserved.